2022345416
7/3/2022

ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈਕੰਡਰੀ ਸਿਖਿਆ)ਪੰਜਾਬ,

ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ ਫੇਜ-8 ਐਸ ਏ ਐਸ ਨਗਰ

(ਦਫਤਰੀ ਅਮਲਾ ਸ਼ਾਖਾ)

07/03/22

ਵੱਲ

ਜ਼ਿਲਾ ਸਿਖਿਆ ਅਫਸਰ(ਸੈਸਿਃ)

ਮਾਨਸਾ।

ਮੀਮੋ ਨੰਃ ਈ-297388- DPISE-ME0GENL/59/2022-ME-DPISE /ਦਅ(5) /202246344-45

ਮਿਤੀਃ 25.02.2022

ਵਿਸ਼ਾਃ ਸ੍ਰੀ ਜੋਰਾ ਸਿੰਘ ਐਸ ਐਲ ਏ ਵੱਲੋ ਯੋਗ ਪ੍ਰਣਾਲੀ ਲਈ ਮਾਸਟਰ ਕਾਡਰ ਅਤੇ ਲੈਕਚਰਾਰ ਪੋਸਟਾ ਵਿੱਚ ਅਪਲਾਈ ਕਰਨ ਸਬੰਧੀ।

ਹਵਾਲਾਃ ਆਪ ਦੇ ਪੱਤਰ ਨੰਃਅ-2/( )2021-22/20223734-35, ਮਿਤੀ 8-2-2022 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਵਿਸ਼ਾ ਅੰਕਿਤ ਕਰਮਚਾਰੀ ਸ੍ਰੀ ਜੋਰਾ ਸਿੰਘ ਦਾ ਮਾਸਟਰ ਕਾਡਰ ਅਤੇ ਲੈਕਚਰਾਰ ਕਾਡਰ ਦੀ ਅਸਾਮੀ ਤੇ ਅਪਲਾਈ ਕਰਨ ਲਈ ਕੇਸ ਪ੍ਰਵਾਨਗੀ ਲਈ ਇਸ ਦਫਤਰ ਨੂੰ ਭੇਜਿਆ ਗਿਆ ਹੈ, ਇਸ ਸਬੰਧੀ ਦਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਪੱਤਰ ਨੰਃ 14/17-2029ਸੇ1(4) 2020163803, ਮਿਤੀ 15-7-2020 ਰਾਹੀਂ ਇਹ ਫੈਸਲਾ ਕੀਤਾ ਗਿਆ ਸੀ ਕਿ ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਕਰਮਚਾਰੀ ਜਦੋਂ ਵੀ ਪ੍ਰਕਾਸ਼ਿਤ ਕਰਵਾਈਆਂ ਅਸਾਮੀਆਂ ਵਿਰੁੱਧ ਅਪਲਾਈ ਕਰੇਗਾ, ਉਸ ਨੂੰ ਵਿਭਾਗ ਵਲੋ ਇਤਰਾਜ਼ ਹੀਣਤਾ ਸਰਟੀਫਿਕੇਟ(Deemed NOC) ਦਿੱਤਾ ਗਿਆ ਸਮਝਿਆ ਜਾਵੇਗਾ ਅਤੇ ਉਹ ਕਿਸੇ ਅਸਾਮੀ ਲਈ ਅਪਲਾਈ ਕਰਨ ਲਈ ਕੇਵਲ ਸੂਚਨਾ ਆਪਣੇ ਡੀਡੀਓ ਨੂੰ ਉਪਲਬਧ ਕਰਵਾਏਗਾ। ਕਿਸੇ ਕਰਮਚਾਰੀ ਦੇ ਕੇਵਲ ਚੁਣੇ ਜਾਣ ਦੀ ਸੂਰਤ ਵਿਚ ਹੀ ਉਸਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਦੇਣ ਦਾ ਕੇਸ ਨਿਯੁਕਤੀ ਅਧਿਕਾਰੀ ਨੂੰ ਭੇਜਿਆ ਜਾਵੇਗਾ। ਸੋ ਉਕਤ ਪੱਤਰ ਵਿਚ ਦਰਜ ਉਪਬੰਧਾਂ ਅਨੁਸਾਰ ਕਿਸੇ ਵੀ ਸਰਕਾਰੀ ਕਰਮਚਾਰੀ ਦੀ ਨਿਯੁਕਤੀ ਉਪਰੰਤ ਹੀ ਕੇਸ ਇਤਰਾਜ਼ਹੀਣਤਾ ਸਰਟੀਫਿਕੇਟ ਲਈ ਭੇਜਿਆ ਜਾਣਾ ਹੈ।

ਇਸ ਲਈ ਹਵਾਲਾ ਅਧੀਨ ਪ੍ਰਾਪਤ ਪੱਤਰ ਮੂਲ ਰੂਪ ਵਿਚ ਵਾਪਸ ਭੇਜਕੇ ਲਿਖਿਆ ਜਾਂਦਾ ਹੈ ਕਿ ਕੇਸ ਉਕਤ ਹਦਾਇਤਾਂ ਸਨਮੁੱਖ ਨਿਯੁਕਤੀ ਉਪਰੰਤ ਪ੍ਰਵਾਨਗੀ ਲਈ ਇਸ ਦਫਤਰ ਨੂੰ ਭੇਜਿਆ ਜਾਵੇ।

24/02/22

ਸੁਪਰਡੈਂਟ ਦਫਤਰੀ ਅਮਲਾ

ਪਿੱਠ ਅੰਕਣ ਨੰਃ ਉਕਤ ਮਿਤੀਃ

ਉਤਾਰਾ ਸ੍ਰੀ ਜੋਰਾ ਸਿੰਘ ਐਸ ਐਲ ਏ,ਸਸਸਸ ਕਿਸ਼ਨਗੜ੍ਹ, ਜ਼ਿਲਾ ਮਾਨਸਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ ਦਫਤਰੀ ਅਮਲਾ

15/03/2022

ਅ-2/( ) 20226205

15/03/22